# गुफा वाले सोहणे जोगिया

ਗੁਫ਼ਾ ਵਾਲੇ ਸੋਹਣੇ ਜੋਗੀਆ,
ਕਿੱਥੇ ਲਾ ਕੇ ਬਹਿ ਗਿਆ ਡੇਰਾ।
ਵੇ ਰਤਨੋ ਦੇ ਸੋਹਣੇ ਪਾਲੀਆਂ,
ਕਿੱਥੇ ਲਾ ਕੇ ਬਹਿ ਗਿਆ ਡੇਰਾ॥
ੳ ਮੇਰਾ ਕਿਤੇ, ਚਿੱਤ ਨਾ ਲੱਗੇ* ॥,
ਜਦੋਂ ਤੱਕ ਨਾ, ਦੀਦਾਰ ਹੋਵੇ ਤੇਰਾ,,,
ਗੁਫ਼ਾ ਵਾਲੇ ਸੋਹਣੇ ਜੋਗੀਆ,,,,,,,,,,,,,,,,,

ਤੇਰੇ ਨਾਲ ਸੁਬਾਹ ਮੇਰੀ, ਤੇਰੇ ਨਾਲ ਸ਼ਾਮ ਵੇ।
ਹਰ ਵੇਲੇ ਬੁੱਲ੍ਹੀਆਂ ਤੇ, ਰਵ੍ਹੇ ਤੇਰਾ ਨਾਮ ਵੇ॥
*ਹਰ ਸਾਹ ਦੇ, ਵਿੱਚ ਜੋਗੀਆ,
ਤੇਰੇ ਨਾਮ ਨੇ, ਲਾ ਲਿਆ ਬਸੇਰਾ,,,
ਗੁਫ਼ਾ ਵਾਲੇ ਸੋਹਣੇ ਜੋਗੀਆ,,,,,,,,,,,,,,,,,F

ਸਾਹਾਂ ਤੋਂ ਫ਼ਕੀਰੀ ਲਈ, ਛੱਡੀਆਂ ਨਵਾਬੀਆਂ।
ਮੇਰੀ ਤਕਦੀਰ ਦੀਆਂ, ਤੇਰੇ ਹੱਥ ਚਾਬੀਆਂ॥
*ਖੋਲ੍ਹ ਦੇ ਤੂੰ, ਬੰਦ ਜਿੰਦਰੇ,
ਜਿੰਦਗੀ 'ਚੋਂ, ਮੁਕਾ ਦੇ ਹਨੇਰਾ,,,
ਵੇ ਰਤਨੋ ਦੇ, ਸੋਹਣੇ ਪਾਲੀਆਂ,
ਕਿੱਥੇ ਲਾ ਕੇ ਬਹਿ ਗਿਆ ਡੇਰਾ।
ਗੁਫ਼ਾ ਵਾਲੇ ਸੋਹਣੇ ਜੋਗੀਆ,,,,,,,,,,,,,,,,, F

ਮੈਨੂੰ ਤੇ ਸਰੂਰ ਰਹਿੰਦਾ, ਸਦਾ ਤੇਰੀ ਲੋਰ ਦਾ।
ਅਸਾਂ ਨਹੀਂਓਂ ਮੱਲ੍ਹਣਾ, ਦਵਾਰਾ ਕਿਸੇ ਹੋਰ ਦਾ॥
*ਭਗਤ ਤੇਰਾ, ਰਵ੍ਹੇ ਵੱਸਦਾ,
ਵੇ ਤੇਰਾ, ਉੱਚਿਆਂ ਪਹਾੜਾਂ ਵਿੱਚ ਡੇਰਾ,,,
ਗੁਫ਼ਾ ਵਾਲੇ ਸੋਹਣੇ ਜੋਗੀਆ,,,,,,,,,,,,,,,,, F

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/25913/title/gufa-wale-sohne-jogiya

अपने Android मोबाइल पर BhajanGanga App डाउनलोड करें और भजनों का आनंद ले |